بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 08.12.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਮੁਸਲਮਾਨ ਦੁਨੀਆ ਲਈ ਸਾਨੂੰ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਕਿ ਉਹ ਇਕ ਹੋ ਜਾਣ, ਰੱਬ ਉਹਨਾਂ ਨੂੰ ਅਕਲ ਦੇਵੇ

-----------------

**ਅਤੇ ਸਭ ਤੋਂ ਵਧੱਕੇ ਸਾਨੂ ਇਹ ਦੁਆ ਕਰਨੀ ਚਾਹੀਦੀ ਹੈ ਕਿ ਮੁਸਲਮਾਨ ਰੱਬ ਦੇ ਭੇਜੇ ਹੋਏ ਮਸੀਹ ਮੌਊਦ ਅਤੇ ਮਹਦੀ ਮਾਹੂਦ ਨੂੰ ਪਛਾਨਣ, ਜਿਸ ਦੇ ਨਾਲ ਜੁੜਕੇ ਇਹ ਆਪੋ ਵਿੱਚ ਵੀ ਅਤੇ ਦੁਨੀਆ ਵਿੱਚ ਵੀ ਅਮਨ ਕਾਇਮ ਕਰਨ ਵਾਲੇ ਬਣ ਸਕਦੇ ਹਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 8 ਦਸੰਬਰ 2017 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੋਰਡਨ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀ ਆਇਤ ਦੀ ਤਲਾਵਤ ਫ਼ਰਮਾਈ :

زُیِّنَ لِلنَّاسِ حُبُّ الشَّھَوٰتِ مِنَ النِّسَآءِ وَالۡبَنِیۡنَ وَالۡقَنَاطِیۡرِ الۡمُقَنۡطَرَۃِ مِنَ الذَّھَبِ وَالۡفِضَّۃِ وَالۡخَیۡلِ الۡمُسَوَّمَۃِ وَالۡاَنۡعَامِ وَالۡحَرۡثِ ؕ ذٰلِکَ مَتَاعُ الۡحَیٰوۃِ الدُّنۡیَا ۚ وَاللّٰہُ عِنۡدَہٗ حُسۡنُ الۡمَاٰبِ ۔(آل عمران:15)

ਫ਼ਰਮਾਇਆ : ਇਸ ਆਇਤ ਦਾ ਅਰਥ ਇਹ ਹੈ ਕਿ ਲੋਕਾਂ ਲਈ ਸੁਭਾਵਕ ਤੌਰ'ਤੇ ਪਸੰਦ ਕੀਤੀਆ ਜਾਣ ਵਾਲੀਆਂ ਚੀਜ਼ਾ ਦੀ, ਅਰਾਥਾਤ ਇਸਤਰੀਆਂ ਦੀ, ਸੰਤਾਨ ਦੀ, ਢੇਰਾਂ ਢੇਰ ਸੋਨੇ ਚਾਂਦੀ ਦੀ, ਵਿਸ਼ੇਸ਼ ਰੂਪ ਵਿੱਚ ਦਾਗ਼ੇ ਗਏ ਘੋੜਿਆਂ ਦੀ, ਪਸ਼ੂਆਂ ਦੀ ਅਤੇ ਖੇਤੀ ਦਾ ਪ੍ਰੇਮ ਸੁੰਦਰ ਕਰਕੇ ਦਿਖਾਇਆ ਗਿਆ ਹੈ । ਇਹ ਸੰਸਾਰਕ ਜੀਵਨ ਦਾ ਅਸਥਾਈ ਸਾਧਨ ਹੈ ਅਤੇ ਰੱਬ ਉਹ ਹੈ ਜਿਸ ਕੋਲ ਬਹੁਤ ਹੀ ਚੰਗਾ ਪਰਤਨ ਦਾ ਥਾਂ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਨੇ ਇਹ ਚਿਤੱਰ ਉਹਨਾਂ ਲੋਕਾਂ ਦਾ ਖਿੱਚਿਆ ਹੈ ਜੋ ਰੱਬ ਨੂੰ ਭੁੱਲ ਜਾਂਦੇ ਹਨ ਅਤੇ ਦੁਨੀਆ ਦੀ ਪ੍ਰਾਪਤੀ ਹੀ ਉਹਨਾਂ ਦਾ ਮੰਤਵ ਹੁੰਦਾ ਹੈ ਅਤੇ ਜੱਦ ਮਨੁੱਖ ਰੱਬ ਨੂੰ ਭੁਲੱਦਾ ਹੈ ਤਾਂ ਫਿਰ ਸ਼ੈਤਾਨ ਉਸ'ਤੇ ਕਬਜ਼ਾ ਕਰ ਲੈਂਦਾ ਹੈ । ਫ਼ਰਮਾਇਆ : ਬੇਸ਼ਕ ਇਹ ਸਾਰੀਆਂ ਚੀਜਾਂ ਰੱਬ ਦੀਆਂ ਪੈਦਾ ਕੀਤੀਆਂ ਹੋਈਆਂ ਹਨ ਅਤੇ ਰੱਬ ਦੀਆਂ ਨੇਮਤਾਂ ਵਿੱਚੋਂ ਹਨ ਅਤੇ ਇਹਨਾਂ ਦਾ ਲਾਭ ਵੀ ਉਠਾਉਣਾ

ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੀ ਸਾਨੂੰ ਬਹੁਤ ਹੀ ਸਪਸ਼ਟ ਦੱਸਿਆ ਹੈ ਕਿ ਸੰਸਾਰਕ ਕਾਰੋਬਾਰ ਤੋਂ ਵੱਖ ਹੋਣਾ ਵੀ ਗ਼ਲਤ ਹੈ । ਵਿਆਹ ਕਰਨੇ ਵੀ ਜ਼ਰੂਰੀ ਹਨ ਅਤੇ ਇਹ ਸੁਨੱਤ ਹੈ, ਸਹਾਬਾ ਵੀ ਕੰਮ ਕਰਿਆ ਕਰਦੇ ਸਨ । ਕਈ ਸਹਾਬਾ ਦੀਆਂ ਕਰੋੜਾਂ ਦੀਆਂ ਜਾਇਦਾਦਾਂ ਸਨ ਪਰ ਦੁਨੀਆ ਤਿਆਗਣ ਵਾਲੇ ਨਹੀਂ ਸਨ ।

ਹਜ਼ਰਤ ਮਸੀਹਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਕਿ ਰੱਬ ਦਾ ਇਹ ਉਕੱ ਉਦੇਸ਼ ਨਹੀਂ ਕਿ ਤੁਸੀਂ ਦੁਨੀਆ ਨੂੰ ਤਿਆਗ ਦਿਓ ਸਗੋਂ ਉਸ ਦਾ ਜੋ ਉਦੇਸ਼ ਹੈ ਉਹ ਇਹ ਹੈ ਕਿ (قَدْ اَفْلَحَ مَنْ زَكّٰىهَا) 'ਕਦ ਅਫ਼ਲਾਹਾ ਮਨ ਜ਼ਕੱਾਹਾ' ਅਰਥਾਤ ਜਿਸ ਨੇ ਆਪਣੇ ਆਪੇ (ਨਫ਼ਸ) ਨੂੰ ਪਾਕ ਕੀਤਾ ਉਸ ਨੇ ਆਪਣੇ ਮੰਤਵ ਨੂੰ ਪਾ ਲਿਆ । ਆਪ ਫ਼ਰਮਾਉਂਦੇ ਹਨ ਕਿ ਵਪਾਰ ਕਰੋ, ਖੇਤੀ ਕਰੋ, ਮੁਲਾਜ਼ਮਤ ਕਰੋ ਅਤੇ ਵਿਵਹਾਰਕ ਕੰਮ ਕਰੋ ਅਤੇ ਜੋ ਚਾਹੋ ਕਰੋ ਪਰ ਨਫ਼ਸ (ਆਪਣੇ ਆਪੇ) ਨੂੰ ਰੱਬ ਦੀ ਨਾਫ਼ਰਮਾਨੀ ਤੋਂ ਰੋਕੇ ਰੱਖੋ ਅਤੇ ਅਜੀਹੀ ਪੜਚੋਲ ਕਰੋ ਕਿ ਇਹ ਕਾਰਜ ਤੁਹਾਨੂੰ ਰੱਬ ਤੋਂ ਗ਼ਾਫ਼ਲ ਨ ਕਰ ਦੇਣ । ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਨਫ਼ਸ਼ ਦੇ ਹੱਕ ਤਾਂ ਜਾਇਜ਼ ਹਨ ਪਰ ਨਫ਼ਸ ਦੇ ਅਨਿਆਏ ਉਚਿਤ ਨਹੀਂ ਹਨ । ਸੋ, ਇਹ ਗੱਲ ਹਰ ਮੋਮਿਨ ਨੂੰ ਆਪਣੇ ਸਾਹਮਣੇ ਰਖੱਣੀ ਚਾਹੀਦੀ ਹੈ ਕਿ ਸੰਸਾਰਕ ਮੋਹ ਅਜਿਹਾ ਨ ਹੋਵੇ ਜੋ ਰੱਬ ਨੂੰ ਭੁਲਾ ਦੇਵੇ ਜਿਵੇਂ ਕਿ ਰੱਬ ਨੇ ਫ਼ਰਮਾਇਆ زُيِّنَ لِلنَّاسِ حُبُّ الشَّهَوٰتِ ਕਿ ਲੋਕਾਂ ਲਈ ਇਛੱਾਵਾਂ ਦਾ ਪ੍ਰੇਮ ਸੁੰਦਰ ਕਰਕੇ ਦਿਖਾਇਆ ਗਿਆ ਹੈ ਅਤੇ ਅਗਾਂਹ ਜਾਕੇ ਇਸ ਦੀ ਵਿਆਖਿਆ ਵੀ ਵਰਣਨ ਕੀਤੀ ਗਈ ਹੈ ਕਿ ਕਿਹੜੀ ਕਿਹੜੀ ਚੀਜਾਂ ਹਨ, ਏਥੇ ਉਹਨਾਂ ਮਨੁੱਖਾਂ ਦੀ ਚਰਚਾ ਹੈ ਜੋ ਦੁਨੀਆ ਦੇ ਪ੍ਰੇਮ ਵਿੱਚ ਡੁੱਬੇ ਹੋਏ ਹਨ ਅਤੇ ਕੇਵਲ ਇਹਨਾਂ ਚੀਜਾਂ ਦੀ ਪ੍ਰਾਪਤੀ ਲਈ ਚਿੰਤਾ ਵਿੱਚ ਹਨ ।

ਭਾਵੇਂ ਇਸ ਦੇ ਕਿ ਰੱਬ ਨੇ ਮੁਸਮਲਨਂ ਨੂੰ ਅਜਿਹੀ ਸੁੰਦਰ ਤੇ ਪਵਿਤੱਰ ਸਿੱਖਿਆ ਦਿੱਤੀ ਹੈ ਅਤੇ ਹੁਸ਼ਿਆਰ ਵੀ ਕੀਤਾ ਹੈ ਕਿ ਇਹਨਾ ਚੀਜਾਂ ਤੋਂ ਬਚੋ ਅਰਥਾਤ ਇਸ ਹੱਦ ਤੱਕ ਨ ਜਾਓ ਕਿ ਕੇਵਲ ਤੁਹਾਡੇ ਜੀਵਨ ਦਾ ਉਦੇਸ਼ ਬਣ ਜਾਏ  ਕਿਉਂਕਿ ਇਹ ਦੁਨੀਆ ਦੇ ਅਸਥਾਈ ਸਾਧਨ ਹਨ । ਆਪਣੀ ਚਿੰਤਾ ਕਰੋ ਕਿ ਤੁਸੀਂ ਰੱਬ ਵੱਲ ਪਰਤਨਾ ਹੈ ਉਸ ਦੀ ਹਜ਼ੂਰੀ ਵਿੱਚ ਹਾਜ਼ਰ ਹੋਣਾ ਹੈ । ਫਿਰ ਵੀ ਮੁਸਲਮਾਨਾ ਦੀ ਬਹੁਗਿਣਤੀ ਇਹਨਾ ਸੰਸਾਰਕ ਚੀਜਾਂ ਦੇ ਪਿੱਛੇ ਲੱਗੀ ਹੋਈ ਹੈ ਅਤੇ ਆਪਣੇ ਜੀਵਨ ਦੇ ਮੰਤਵ ਨੂੰ ਭੁੱਲ ਗਏ ਹਨ । ਓਲਮਾ (ਮੌਲਵੀ) ਵੀ, ਕੌਮ ਦੇ ਮਾਰਗਦਰਸ਼ਕ ਵੀ ਅਤੇ ਹਰ ਉਹ ਵਿਅਕਤੀ ਜਿਸ ਨੂੰ ਮੌਕਾ ਮਿਲਦਾ ਹੈ ਉਸ ਦਾ ਜਤਨ ਹੁੰਦਾ ਹੈ ਕਿ ਜਿਵੇਂ ਵੀ ਹੋਵੇ ਅਸੀਂ ਇਹ ਸੰਸਾਰਕ ਚੀਜਾਂ ਹਾਸਲ ਕਰ ਲਈਏ । ਜੱਦ ਅਜਿਹੀਆਂ ਇਛੱਾਵਾਂ ਕੌਮ ਦੇ ਲੀਡਰਾਂ ਵਿੱਚ ਪੈਦਾ ਹੋ ਜਾਣ ਤਾਂ ਫਿਰ ਦੇਸ਼ਾਂ ਤੇ ਕੌਮਾ ਨੂੰ ਹਾਣ ਹੋਣਾ ਵੀ ਅਰੰਭ ਹੋ ਜਾਂਦਾ ਹੈ ।

ਅੱਜ ਕੱਲ ਮੁਸਲਮਾਨ ਦੇਸ਼ਾਂ ਵਿੱਚ ਫ਼ਸਾਦਾਂ ਦੀ ਜੋ ਅਵਸਥਾ ਹੈ ਉਹ ਇਸ ਲਈ ਹੈ ਕਿ ਰੱਬ ਨੇ ਜੋ ਧਰਮ ਤੋਂ ਦੂਰ ਹਟੇ ਹੋਇਆਂ ਦੀ ਅਤੇ ਦੁਨੀਆਦਾਰਾਂ ਦੀ ਹਾਲਤ ਦੱਸੀ ਸੀ ਉਹ ਮੁਸਲਮਾਨਾ ਦੀ ਹੈ । ਲੀਡਰ ਹਨ ਤਾਂ ਧੰਨਮਾਲ ਇਕਤੱਰ ਕਰਨ ਲਈ ਜਨਤਾ ਦੀ ਸੇਵਾ ਦਾ ਨਾਰਾ ਲਗਾਕੇ ਸਰਕਾਰ ਵਿੱਚ ਆਉਂਦੇ ਹਨ ਅਤੇ ਫਿਰ ਦੋਹਾਂ ਹੱਥਾਂ ਨਾਲ ਉਹ ਲੁਟ ਮਚਾਉਂਦੇ ਹਨ ਕਿ ਕਲਪਨਾ ਤੋਂ ਬਾਹਰ ਹੈ । ਮੌਲਵੀਆਂ ਨੂੰ ਜਨਤਾ ਦੇ ਧਰਮ ਦੀ ਚਿੰਤਾ ਘੱਟ ਹੈ, ਅਸਲ ਜਤਨ ਇਹ ਹੈ ਕਿ ਧਰਮ ਦੇ ਨਾਂ'ਤੇ ਲੋਕਾਂ ਨੂੰ ਆਪਣੇ ਪਿੱਛੇ ਲਾਉਣ ਅਤੇ ਕਿਸੇ ਪ੍ਰਕਾਰ ਸਰਕਾਰ ਵਿੱਚ ਆਉਣ ਜਾਂ ਸਰਕਾਰ ਤੋਂ ਲਾਭ ਚੁਕੱਣ ਅਤੇ ਦੌਲਤ ਇਕੱਠੀ ਕਰਨ ਅਤੇ ਜਾਇਦਾਦਾਂ ਬਨਾਉਣ । ਨਾਂ ਤਾਂ ਇਹ ਰੱਬ

ਦਾ ਲੈਂਦੇ ਹਨ ਪਰ ਰੱਬ ਦੇ ਖ਼ੌਫ਼ ਦਾ ਰਤਾ ਵੀ ਪ੍ਰਦਰਸ਼ਨ ਇਹਨਾ ਦੇ ਕਰਮਾ ਤੋਂ ਨਹੀਂ ਹੋ ਰਿਹਾ ਹੁੰਦਾ । ਪਾਕਿਸਤਾਨ ਵਿੱਚ ਅਸੀਂ ਸਾਧਾਰਣ ਤੌਰ'ਤੇ ਇਹ ਹਾਲਾਤ ਦੇਖਦੇ ਹਾਂ । ਮੁਸਲਮਾਨ ਲੀਡਰ ਮੁਸਲਮਾਨ ਲੋਕਾਂ ਨੂੰ ਗਾਜਰ ਮੂਲੀ ਵਾਂਗ ਕਤਲ ਕਰ ਰਹੇ ਹਨ । ਕੋਈ ਮੁੱਲ ਨਹੀਂ ਹੈ ਮਨੁੱਖੀ ਜਾਨ ਦਾ ਪਰ ਸਰਕਾਰ ਨਹੀਂ ਛਡੱਦੇ । ਕਈ ਦੇਸ਼ਾਂ ਵਿੱਚ ਅਜਿਹੀਆਂ ਹਰਕਤਾਂ ਹੋ ਰਹੀਆਂ ਹਨ ਅਤੇ ਜਤਨ ਇਹ ਹੈ ਕਿ ਅਸੀਂ ਸਰਕਾਰਾਂ'ਤੇ ਬੈਠੇ ਰਹੀਏ ਅਤੇ ਆਪਣੀ ਸ਼ਕਤੀ ਦਾ ਪ੍ਰਗਟਾਵਾ ਵੀ ਕਰਦੇ ਰਹੀਏ ਅਤੇ ਦੌਲਤ ਇਕੱਠੇ ਕਰਨ ਵਿੱਚ ਲੱਗੇ ਰਹੀਏ । ਕਿਸੇ ਵੀ ਪ੍ਰਕਾਰ ਉਹਨਾਂ ਦੇ ਢਿੱਡ ਨਹੀਂ ਭਰਦੇ । ਕੀ ਕਾਰਣ ਹੈ ਕਿ ਭਾਵੇਂ ਇਸ ਦੇ ਕਿ ਮੁਸਲਮਾਨ ਦੇਸ਼ਾਂ ਕੋਲ ਦੌਲਤ ਹੈ, ਪ੍ਰਾਕ੍ਰਿਤਕ ਸਾਧਨ ਹਨ ਅਤੇ ਫਿਰ ਵੀ ਅਜਿਹੀ ਬੁਰੀ ਹਾਲਤ ਹੈ ਕਿ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ ਅਤੇ ਇਕ ਸਮੇਂ ਦੀ ਰੋਟੀ ਮੁਸ਼ਕਲ ਨਾਲ ਮਿਲਦੀ ਹੈ । ਹੁਣ ਸਊਦੀ ਅਰਬ ਨੂੰ ਇਕ ਅਮੀਰ ਦੇਸ਼ ਕਿਹਾ ਜਾਂਦਾ ਹੈ ਪਰ ਓਥੇ ਵੀ ਗ਼ਰੀਬੀ ਹੁਣ ਵਧੱਦੀ ਜਾ ਰਹੀ ਹੈ, ਪਹਿਲਾਂ ਵੀ ਗ਼ਰੀਬ ਸਨ ਅਤੇ ਹੁਣ ਹੋਰ ਵਧੱਦੇ ਜਾ ਰਹੇ ਹਨ । ਤੇਲ ਦੀ ਦੌਲਤ ਹੁੰਦਿਆਂ ਹੋਇਆਂ ਵੀ ਗ਼ਰੀਬੀ ਦੀ ਅਤਿ ਹੋ ਰਹੀ ਹੈ । ਕੇਵਲ ਸ਼ਹਿਜ਼ਾਦਿਆਂ ਅਤੇ ਲੀਡਰਾਂ ਦੇ ਹਾਲਾਤ ਚੰਗੇ ਹਨ । ਕਈ ਕਈ ਮਿਲੀਯਨ ਡਾਲਰ ਖਰਚ ਕਰ ਦਿੰਦੇ ਹਨ ਇਕ ਦਿਨ ਵਿੱਚ । ਇਹ ਲੋਕ ਦੌਲਤ ਵੀ ਅਣਉਚਿਤ ਢੰਗ ਨਾਲ ਹਾਸਲ ਕਰਦੇ ਨ ਜਾਂ ਗ਼ਰੀਬ ਦਾ ਹੱਕ ਮਾਰਕੇ ਹਾਸਲ ਕਰਦੇ ਹਨ ਅਤੇ ਖਰਚ ਵੀ ਨਜਾਇਜ਼ ਤਰੀਕੇ ਉਪੱਰ ਕਰਦੇ ਹਨ । ਰੱਬ ਇਹਨਾਂ ਲੋਕਾਂ ਨੂੰ, ਇਹਨਾਂ ਹੁਕੁਮਰਾਨਾ ਨੂੰ, ਇਹਨਾਂ ਬਾਦਸ਼ਾਹਾਂ ਨੂੰ ਅਤੇ ਇਹਨਾਂ ਸੁਆਰਥੀਆਂ ਨੂੰ ਅਕਲ ਦੇਵੇ ਕਿ ਇਹ ਧੰਨ ਇਕਤੱਰ ਕਰਨ ਦੀ ਥਾਂ ਧੰਨ ਦੀ ਉਚਿਤ ਵਰਤੋਂ ਕਰਨ ਵਾਲੇ ਹੋਣ । ਇਸ ਰਾਹੀਂ ਜਿੱਥੇ ਇਹ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਹੋਣਗੇ ਓਥੇ ਸੰਸਾਰਕ ਪੱਖੋਂ ਵੀ ਇਹਨਾ ਦੀ ਇਕ ਸ਼ਕਤੀ ਹੋਵੇਗੀ । ਗ਼ੈਰ ਮੁਸਲਿਮ ਸ਼ਕਤੀਆਂ ਇਹਨਾਂ ਨੂੰ ਆਪਣੇ ਪਿੱਛੇ ਚਲਾਉਣ ਦੀ ਥਾਂ ਅਤੇ ਅਖੱਾਂ ਦਿਖਾਉਣ ਦੀ ਥਾਂ ਇਹਨਾਂ ਦੀਆਂ ਗਲੱਾਂ ਮੰਨ੍ਹਣ ਵਾਲੀਆਂ ਹੋਣਗੀਆਂ ।

ਅੱਜ ਕੱਲ ਬਹੁਤ ਰੌਲ੍ਹਾ ਪਿਆ ਹੋਇਆ ਹੈ ਕਿ ਯੁਰੋਸ਼ਲਮ ਵਿੱਚ ਅਮਰੀਕਨ ਰਸ਼ਟਰਪਤੀ ਨੇ ਆਪਣਾ ਦੂਤਾਵਾਸ ਸਥਾਨਾਂਤਰਣ ਕਰਨ ਦਾ ਕਿਹਾ ਹੈ ਅਤੇ ਇਸ ਨੂੰ ਰਾਜਧਾਨੀ ਸਵੀਕਾਰ ਕਰਨ ਦਾ ਐਲਾਨ ਕੀਤਾ ਹੈ । ਅਮਲੀ ਤੌਰ'ਤੇ ਤਾਂ ਓਥੇ ਇਸਰਾਈਲੀਆਂ ਦੇ ਸਾਰੇ ਦਫ਼ਤਰ ਪਹਿਲਾਂ ਤੋਂ ਹੀ ਮੌਜੂਦ ਹਨ, ਪਰ ਬਾਹਰਲੀ ਦੁਨੀਆਂ ਨੇ ਉਸਨੂੰ ਸਵੀਕਾਰ ਨਹੀਂ ਕੀਤਾ ਸੀ । ਹੁਣ ਇਸ ਘੋਸ਼ਣਾ ਦੇ ਬਾਦ ਬਾਹਰਲੀ ਦੁਨੀਆ ਵਿੱਚ ਬਹੁਤ ਰੌਲ੍ਹਾ ਹੈ । ਸਰਕਾਰਾਂ ਵਿਰੋਧਤਾ ਵੀ ਕਰ ਰਹੀਆਂ ਹਨ, ਪਰ ਇਹ ਸਭ ਕੁਝ ਮੁਸਲਮਾਨਾਂ ਦੀ ਕਮਜ਼ੋਰੀ ਕਰਕੇ ਹੈ । ਮੁਸਲਮਾਨ ਦੇਸ਼ਾਂ ਦੇ ਆਪੋ ਵਿੱਚ ਜੁੱਧ ਹਨ ਅਤੇ ਦੇਸ਼ਾਂ ਵਿੱਚ ਜੋ ਬੇਚੈਨੀਆਂ ਹਨ ਉਸ ਨੇ ਗ਼ੈਰਾਂ ਨੂੰ ਵੀ ਮੌਕਾ ਦਿਤੱਾ ਹੈ ਕਿ ਉਹ ਇਹ ਹਾਲਾਤ ਪੈਦਾ ਕਰਨ ਅਤੇ ਇਸ ਪ੍ਰਕਾਰ ਦੀ ਘੋਸ਼ਣਾ ਕਰਨ । ਅਮਰੀਕੀ ਰਾਸ਼ਟਰਪਤੀ ਇਹ ਚਾਹੁੰਦਾ ਹੈ ਕਿ ਕਿ ਮੁਸਲਮਾਨਾ ਵਿੱਚ ਆਪੋ ਵਿੱਚ ਅਮਨ ਦੀ ਅਵਸਥਾ ਕਦੇ ਵੀ ਕਾਇਮ ਨ ਹੋਵੇ ਅਤੇ ਇਹ ਆਪਣੀ ਮਾਨ ਮਾਨੀ ਕਰਦੇ ਰਹਿਣ । ਸਊਦੀ ਅਰਬ ਹੁਣ ਇਹ ਘੋਸ਼ਣਾ ਕਰ ਰਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਦਾ ਫ਼ੈਸਲਾ ਕਿਸੇ ਵੀ ਪ੍ਰਕਾਰ ਸਵੀਕਾਰ ਕਰਨ ਦੇ ਯੋਗ ਨਹੀਂ । ਕੁਝ ਦਿਨ ਪਹਿਲਾਂ ਹਰ ਗੱਲ ਵਿੱਚ ਓਹਨਾਂ ਦੀ ਹਾਂ ਵਿੱਚ ਹਾਂ ਮਿਲਾ ਰਿਹਾ ਸੀ । ਈਰਾਨ ਦੇ ਵਿਰੁਧ ਘੋਸ਼ਣਾ'ਤੇ ਹਾਂ ਵਿੱਚ ਹਾਂ ਮਿਲਾ ਰਿਹਾ ਸੀ । ਉਸ ਸਮੇਂ ਉਹਨਾਂ ਨੂੰ ਰੋਕਣਾ ਚਾਹੀਦਾ ਸੀ ਕਿ ਅਸੀਂ ਹਰ ਮੁਸਲਮਾਨ ਦੇਸ਼ ਨਾਲ ਹਾਂ, ਇਸ ਲਈ ਕਿਸੇ ਵੀ ਵੱਡੀ ਸ਼ਕਤੀ ਵੱਲੋਂ ਮੁਸਲਮਾਨਾ ਵਿਰੁਧ ਕਿਸੇ ਵੀ ਕਾਰਵਾਈ ਨੂੰ ਅਸੀਂ ਸਹਿਨ ਨਹੀਂ ਕਰਾਂਗੇ । ਇਸੇ ਪ੍ਰਕਾਰ ਯਮਨ ਦੇ ਵਿਰੁਧ ਜੋ ਕਾਰਵਾਈ ਕਰ

ਰਹੇ ਹਨ, ਉਸ ਵਿੱਚ ਵੀ ਵੱਡੀ ਸ਼ਕਤੀਆਂ ਦੀ ਮਦਦ ਲੈ ਰਹੇ ਹਨ ਅਤੇ ਅਮਰੀਕੀ ਹਿਤਾਂ ਤੋਂ ਲਾਭ ਉਠਾਉਣ ਲਈ ਅਮਰੀਕਾ ਦੀ ਹਾਂ ਵਿੱਚ ਹਾਂ ਮਿਲਾਈ । ਦੁਨੀਆ ਦੇ ਅਸਥਾਈ ਸਾਧਨਾ ਲਈ ਰੱਬ ਦੇ ਅਦੇਸ਼ਾਂ ਤੋਂ ਦੂਰ ਚਲੇ ਗਏ । ਹੁਣ ਰੱਬ ਦੇ ਆਦੇਸ਼ਾਂ ਦੀ ਅਵਗਿਆ ਦਾ ਇਹੋ ਸਿਟਾ ਨਿਕਲਣਾ ਸੀ ਜੋ ਨਿਕਲ ਰਿਹਾ ਹੈ । ਫਿਰ ਇਹ ਲੋਕ ਸਿਰ'ਤੇ ਚੜ੍ਹਦੇ ਚਲੇ ਜਾਂਦੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਹਨਾਂ ਲੋਕਾਂ ਦੀ ਉਧਾਰਣ ਜੋ ਕੇਵਲ ਦੁਨੀਆ ਦੀ ਭਾਲ ਵਿੱਚ ਰਹਿੰਦੇ ਹਨ ਅਤੇ ਸੰਸਾਰਕ ਇਛੱਾਵਾਂ ਦੀ ਪੂਰਤੀ ਦੀ ਚਿੰਤਾ ਵਿੱਚ ਰਹਿੰਦੇ ਹਨ, ਉਸ ਖ਼ੁਰਕ ਵਾਲੇ ਰੋਗੀ ਨਾਲ ਦਿੱਤੀ ਹੈ ਜਿਸ ਨੂੰ ਖੁਰਕਣ ਵਿੱਚ ਆਨੰਦ ਮਿਲਦਾ ਹੈ ਅਤੇ ਉਹ ਆਪਣੇ ਸ਼ਰੀਰ ਨੂੰ ਖੁਰਕ ਕੇ ਸਮਝ ਰਿਹਾ ਹੁੰਦਾ ਹੈ ਕਿ ਮੈਂਨੂੰ ਬਹੁਤ ਆਨੰਦ ਮਿਲ ਰਿਹਾ ਹੈ ਅਤੇ ਇਸ ਪ੍ਰਕਾਰ ਉਹ ਆਪਣਾ ਸ਼ਰੀਰ ਜ਼ਖਮੀ ਕਰ ਲੈਂਦਾ ਹੈ ।

ਇਸ ਵਿਸ਼ੇ ਨੂੰ ਰੱਬ ਨੇ ਦੂਜੀ ਥਾਂ ਇਉਂ ਵਰਨਣ ਕੀਤਾ ਹੈ ਕਿ :

اِعْلَمُوْٓا اَنَّمَا الْحَيٰوةُ الدُّنْيَا لَعِبٌ وَّلَهْوٌ وَّزِيْنَةٌ وَّتَفَاخُرٌۢ بَيْنَكُمْ وَتَكَاثُرٌ فِي الْاَمْوَالِ وَالْاَوْلَادِ ۭ كَمَثَلِ غَيْثٍ اَعْجَبَ الْكُفَّارَ نَبَاتُهٗ

ثُمَّ يَهِيْجُ فَتَرٰىهُ مُصْفَرًّا ثُمَّ يَكُوْنُ حُطٰمًا ۭ وَفِي الْاٰخِرَةِ عَذَابٌ شَدِيْدٌ ۙ وَّمَغْفِرَةٌ مِّنَ اللّٰهِ وَرِضْوَانٌ ۭ

وَمَا الْحَيٰوةُ الدُّنْيَآ اِلَّا مَتَاعُ الْغُرُوْرِ ۔(سورۃ الحدید آیت 21)

ਅਰਥਾਤ ਜਾਣ ਲਓ ਕਿ ਸੰਸਾਰਕ ਜੀਵਨ ਕੇਵਲ ਇਕ ਖੇਡ ਤਮਾਸ਼ਾ ਅਤੇ ਨਫ਼ਸ ਦੀਆਂ ਇਛੱਾਵਾਂ ਨੂੰ ਪੂਰਾ ਕਰਨ ਦਾ ਅਜਿਹਾ ਸਾਧਨ ਹੈ ਜੋ ਆਲਾ (ਉਤੱਮ) ਉਦੇਸ਼ਿਆਂ ਤੋਂ ਗ਼ਾਫ਼ਲ ਕਰ ਦੇਵੇ ਅਤੇ ਸੱਜ ਧੱਜ ਅਤੇ ਆਪੋ ਵਿੱਚ ਇਕ ਦੂਜੇ'ਤੇ ਫ਼ਖ਼ਰ ਕਰਨਾ ਅਤੇ ਧੰਨ ਤੇ ਸੰਤਾਨ ਵਿੱਚ ਇਕ ਦੂਜੇ ਤੋਂ ਅਗਾਂਹ ਵਧੱਣ ਦਾ ਜਤਨ ਕਰਨਾ ਹੈ । ਇਸ ਜੀਵਨ ਦੀ ਉਧਾਰਣ ਉਸ ਵਰਖਾ ਦੀ ਉਧਾਰਣ ਵਾਂਗ ਹੈ ਜਿਸ ਦੀ ਬਨਸਪਤੀ ਕੁਫ਼ੱਾਰ ਦੇ ਮਨਾਂ ਨੂੰ ਲੁਭਾਉਂਦੀ ਹੈ, ਸੋ ਉਹ ਤੇਜ਼ੀ ਨਾਲ ਵਧੱਦੀ ਹੈ ਫਿਰ ਤੂੰ ਉਸ ਨੂੰ ਪੀਲੀ ਪੈਂਦੀ ਦੇਖਦਾ ਹੈ ਫਿਰ ਉਹ ਖੇਰੂੰ ਖੇਰੂੰ ਹੋ ਜਾਂਦੀ ਹੈ ਅਤੇ ਅੰਤ ਵਿੱਚ ਕਰੜਾ ਅਜ਼ਾਬ (ਪ੍ਰਕੋਪ) ਮੁਕਦੱਰ ਹੈ, ਭਾਵ ਰੱਬ ਵੱਲੋਂ ਬਖਸ਼ਿਸ਼ ਤੇ ਖ਼ੁਸ਼ੀ ਵੀ ਹੈ ਜੱਦਕਿ ਦੁਨੀਆ ਦਾ ਜੀਵਨ ਤਾਂ ਕੇਵਲ ਧੋਖੇ ਦਾ ਇਕ ਅਸਥਾਈ ਸਾਧਨ ਹੈ । ਸੋ ਇਕ ਮੋਮਿਨ ਦਾ ਕੰਮ ਹੈ ਕਿ ਸੰਸਾਰਕ ਚੀਜਾਂ ਉਪੱਰ ਫ਼ਖ਼ਰ ਕਰਨ ਅਤੇ ਉਸ ਦੀ ਪ੍ਰਾਪਤੀ ਲਈ ਸਾਰਿਆਂ ਜਤਨਾਂ ਨੂੰ ਲਾਉਣ ਦੀ ਥਾਂ ਰੱਬ ਦੀ ਬਖ਼ਸ਼ਿਸ਼ ਅਤੇ ਰਜ਼ਾ ਦੀ ਭਾਲ ਕਰੇ ਅਤੇ ਖੁਰਕ ਦੇ ਰੋਗੀ ਵਾਂਗ ਬਣਕੇ ਆਪਣੇ ਜੀਵਨ ਨੂੰ ਅਤੇ ਭਵਿੱਖ ਨੂੰ ਨਸ਼ਟ ਨ ਕਰੇ ।

ਇਸ ਸੰਸਾਰਕ ਜੀਵਨ ਦੇ ਸਾਧਨਾ ਅਤੇ ਇਸ ਅਵਸਥਾ ਦਾ ਚਿਤੱਰ ਖਿਚੱਦਿਆਂ ਹੋਇਆਂ ਇਕ ਸਭਾ ਵਿੱਚ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਇਆ ਕਿ ਜਿੰਨ੍ਹਾ ਮਨੁੱਖ ਖਿੱਚ ਧੂਹ ਤੋਂ ਬਚਿਆ ਹੋਵੇ ਓਨ੍ਹੀਆ ਹੀ ਮੁਰਾਦਾਂ ਪੂਰੀਆਂ ਹੁੰਦੀਆਂ ਹਨ । ਫ਼ਰਮਾਇਆ ਖਿੱਚ ਧੂਹ ਵਾਲੇ ਦੀ ਹਿੱਕ ਵਿੱਚ ਅੱਗ ਹੁੰਦੀ ਹੈ ਅਤੇ ਉਹ ਔਕੁੜਾਂ ਵਿੱਚ ਪਿਆ ਹੁੰਦਾ ਹੈ । ਇਸ ਸੰਸਾਰ ਦੇ ਜੀਵਨ ਵਿੱਚ ਇਹੋ ਅਰਾਮ ਹੈ ਕਿ ਖਿੱਚ ਧੂਹ ਤੋਂ ਮੁਕਤ ਹੋਵੇ। ਆਪ ਫ਼ਰਮਾਉਂਦੇ ਹਨ ਕਿ ਇਕ ਵਿਅਕਤੀ ਘੋੜੇ ਉਪੱਰ ਸਵਾਰ ਚਲਿਆ ਜਾਂਦਾ ਸੀ, ਮਾਰਗ ਵਿੱਚ ਇਕ ਫ਼ਕੀਰ ਬੈਠਾ ਸੀ ਜਿਸਨੇ ਮੁਸ਼ਕਲ ਨਾਲ ਆਪਣਾ ਸ਼ਰੀਰ ਹੀ ਢੱਕਿਆ ਹੋਇਆ ਸੀ, ਘੁੜਸਵਾਰ ਨੇ ਪੁੱਛਿਆ ਕਿ ਸਾਈਂ ਜੀ ਕੀ ਹਾਲ ਹੈ, ਫ਼ਕੀਰ ਨੇ ਉਸ ਨੂੰ ਉਤੱਰ ਦਿਤੱਾ ਕਿ ਜਿਸ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ ਹੋਣ ਉਸ ਦਾ ਹਾਲ ਕਿਹੋ ਜਿਹਾ ਹੁੰਦਾ ਹੈ । ਸਵਾਰ ਨੂੰ ਬਹੁਤ ਹੈਰਾਨੀ ਹੋਈ ਕਿ ਤੁਹਾਡੀਆਂ ਸਾਰੀਆਂ ਮੁਰਾਦਾਂ ਕਿਵੇਂ ਪੂਰੀਆਂ ਹੋ ਗਈਆਂ । ਫ਼ਕੀਰ ਨੇ ਕਿਹਾ ਕਿ ਜੱਦ ਸਾਰੀਆਂ ਮੁਰਾਦਾਂ ਛੱਡ ਦਿੱਤੀਆਂ ਤਾਂ ਮਾਨੋ ਸਾਰੀਆਂ ਪ੍ਰਾਪਤ ਹੋ

ਗਈਆਂ । ਆਪ ਫ਼ਰਮਾਉਂਦੇ ਹਨ ਕਿ ਸਾਰ ਇਹ ਹੈ ਕਿ ਜੱਦ ਇਹ ਸਭ ਕੁਝ ਹਾਸਲ ਕਰਨਾ ਚਾਹੁੰਦਾ ਹੈ ਤਾਂ ਕਸ਼ਟ ਹੀ ਹੁੰਦਾ ਹੈ । ਪਰ ਜੱਦ ਤਰਕ ਕਰਕੇ ਛੱਡ ਦੇਵੇ ਤਾਂ ਸੰਭਵਤਾ ਸਭ ਕੁਝ ਮਿਲਣਾ ਹੁੰਦਾ ਹੈ । ਫ਼ਰਮਾਉਂਦੇ ਹਨ ਕਿ ਕਿ ਨਿਜਾਤ ਤੇ ਮੁਕਤੀ ਇਹੋ ਹੈ ਕਿ ਆਨੰਦ ਹੋਵੇ ਦੁੱਖ ਨ ਹੋਵੇ । ਦੁੱਖ ਵਾਲਾ ਜੀਵਨ ਤਾਂ ਨ ਇਸ ਸੰਸਾਰ ਵਿੱਚ ਚੰਗਾ ਹੁੰਦਾ ਹੈ ਨ ਉਸ ਜਹਾਨ ਵਿੱਚ । ਆਪ ਨੇ ਫ਼ਰਮਾਇਆ ਕਿ ਇਹ ਜੀਵਨ ਤਾਂ ਬਹਿਰਹਾਲ ਮੁੱਕ ਜਾਏਗਾ ਕਿਉਂਕਿ ਇਹ ਬਰਫ਼ ਦੇ ਟੁਕੜਿਆਂ ਵਾਂਗ ਹੈ ਭਾਂਵੇਂ ਇਸ ਨੂੰ ਕਿਸੇ ਤਰ੍ਹਾਂ ਦੇ ਕਪੜਿਆਂ ਵਿੱਚ ਲਪੇਟ ਕੇ ਰੱਖੋ ਪਰ ਉਹ ਪੰਘਰਦੀ ਜਾਂਦੀ ਹੈ । ਭਾਵ ਇਸ ਜਵਾਨੀ ਦੀ ਉਮਰ ਨੂੰ ਗ਼ਨੀਮਤ ਸਮਝਣਾ ਚਾਹੀਦਾ ਹੈ । ਬੀਤੇ ਆਰਾਮ ਤੋਂ ਕੋਈ ਲਾਭ ਨਹੀਂ ਹੈ ਇਸ ਦੀ ਕਲਪਨਾ ਨਾਲ ਦੁੱਖ ਵਧੱਦਾ ਹੈ । ਜੱਦ ਮਨੁੱਖ ਬੀਤੇ ਆਰਾਮ ਵਿੱਚੋਂ ਲੰਘ ਜਾਂਦਾ ਹੈ । ਆਪ ਫ਼ਰਮਾਉਂਦੇ ਹਨ ਕਿ ਕਈ ਵਾਰ ਮਨੁੱਖ ਜਿੰਨ੍ਹਾ ਦੁੱਖਾਂ ਤੋਂ ਭਜੱਣਾ ਚਾਹੁੰਦਾ ਹੈ ਕਿ ਅਚਾਨਕ ਉਹਨਾਂ ਵਿੱਚ ਗ੍ਰਿਸਿਆ ਜਾਂਦਾ ਹੈ ਅਤੇ ਜੇਕਰ ਸੰਤਾਨ ਠੀਕ ਨ ਹੋਵੇ ਤਾਂ ਹੋਰ ਵੀ ਦੁੱਖ ਉਠਾਉਂਦਾ ਹੈ । ਉਸ ਸਮੇਂ ਸਮਝਦਾ ਹੈ ਕਿ ਗ਼ਲਤੀ ਕੀਤੀ ਅਤੇ ਉਮਰ ਐਵੇਂ ਹੀ ਲੰਘਾ ਗਈ । ਉਸ ਸਮੇਂ ਚੇਤੇ ਆਉਂਦਾ ਹੈ ਕਿ ਰੱਬ ਦੇ ਆਦੇਸ਼ਾਂ ਉਪੱਰ ਚਲੱਣਾ ਹੀ ਚੰਗਾ ਸੀ ਅਤੇ ਉਸ ਅਨੁਸਾਰ ਜੀਵਨ ਬਤੀਤ ਕਰਨਾ ਚਾਹੀਦਾ ਸੀ ਬਜਾਏ ਇਸ ਦੇ ਕਿ ਦੁਨੀਆਦਾਰੀ ਵਿੱਚ ਪੈਕੇ ਮਨੁੱਖ ਰੱਬ ਨੂੰ ਭੁੱਲ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਕ ਮੋਮਿਨ ਦਾ ਕੰਮ ਹੈ ਕਿ ਦੁਨੀਆ ਦੀਆਂ ਚਿੰਤਾਵਾਂ ਵਿੱਚ ਪੈਣ ਦੀ ਥਾਂ ਆਪਣੀ ਆਖ਼ਰਤ ਨੂੰ ਸੁਆਰੇ ਅਤੇ ਰੱਬ ਦਾ ਪ੍ਰੇਮ ਹਾਸਲ ਕਰਨ ਦੀ ਚਿੰਤਾ ਕਰੇ । ਇਸ ਵਿੱਚ ਸੰਤੋਖ ਪੈਦਾ ਹੋਵੇ । ਸੰਸਾਰਕ ਸਾਧਨਾ ਨੂੰ ਰੱਬ ਦੀਆਂ ਨੇਮਤਾਂ ਸਮਝਦੇ ਹੋਇਆਂ ਵਰਤੋਂ ਤਾਂ ਕਰੇ ਪਰ ਇਹਨਾਂ ਨੂੰ ਪੂਜਕ ਨ ਬਣਾਏ । ਪੂਜਕ ਉਹੋ ਹੈ ਜੋ ਸਾਡਾ ਹਕੀਕੀ ਮਾਬੂਦ (ਪੂਜਕ) ਹੈ ਰੱਬ ਨਾਲ ਪ੍ਰੇਮ ਹੀ ਮਨੁੱਖ ਵਿੱਚ ਤਕਵਾ (ਸੰਜਮਤਾ) ਵੀ ਪੈਦਾ ਕਰਦਾ ਹੈ ਅਤੇ ਸੰਤੋਖ ਵੀ ਪੈਦਾ ਕਰਦਾ ਹੈ । ਰੱਬ ਨੇ ਮੋਮਿਨ ਦੀ ਇਹੋ ਨਿਸ਼ਾਨੀ ਦੱਸੀ ਹੈ ਕਿ ਉਹ ਰੱਬ ਨਾਲ ਸਭ ਤੋਂ ਵੱਧ ਪ੍ਰੇਮ ਕਰਦੇ ਹਨ । ਇਉਂ ਰੱਬ ਫ਼ਰਮਾਉਂਦਾ ਹੈ ਕਿ (وَالَّذِيْنَ اٰمَنُوْٓا اَشَدُّ حُبًّا لِّلّٰهِ) ‘ਵਲੱਜ਼ੀਨਾ ਆਮਾਨੂ ਅਸ਼ਦੁੱ ਹੁਬੱਨ ਲਿਲੱਾਹ’ ਅਤੇ ਜੋ ਲੋਕ ਮੋਮਿਨ ਹਨ ਉਹ ਸਭ ਤੋਂ ਵੱਧ ਪ੍ਰੇਮ ਰੱਬ ਨਾਲ ਕਰਦੇ ਹਨ । ਰੱਬ ਸਾਡੇ ਵਿੱਚ ਇਹ ਸੰਤੋਖ ਪੈਦਾ ਕਰੇ ਤਕਵਾ (ਸੰਜਮਤਾ) ਪੈਦਾ ਕਰੇ, ਸੰਸਾਰਕ ਚੀਜਾਂ ਦੇ ਪ੍ਰੇਮ ਦੀ ਥਾਂ ਰੱਬ ਨਾਲ ਪ੍ਰੇਮ ਹਾਸਲ ਕਰਨਾ ਸਾਡਾ ਮੰਤਵ ਤੇ ਉਦੇਸ਼ ਹੋਵੇ ਅਤੇ ਰੱਬ ਦੀ ਬਖ਼ਸ਼ਿਸ਼ ਅਤੇ ਰਜ਼ਾ ਅਸੀਂ ਹਾਸਲ ਕਰਨ ਵਾਲੇ ਹੋਈਏ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਇਸ ਦੁਆ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਜਿਵੇਂ ਕਿ ਮੈਂ ਪਹਿਲਾਂ ਵੀ ਸੰਖੇਪ ਵਿੱਚ ਵਰਨਣ ਕੀਤਾ ਹੈ ਕਿ ਮੁਸਲਮਾਨ ਦੇਸ਼ਾਂ ਦੇ ਲੀਡਰ ਜੋ ਸੰਸਾਰਕ ਇਛੱਾਵਾਂ ਦੇ ਪਿੱਛੇ ਪਏ ਹੋਏ ਹਨ ਅਤੇ ਜਿੰਨ੍ਹਾ ਨੇ ਅਮਲੀ ਤੌਰ’ਤੇ ਰੱਬ ਦੀ ਥਾਂ ਵੱਡੀਆਂ ਸ਼ਕਤੀਆਂ ਨੂੰ ਆਪਣਾ ਰੱਬ ਬਣਾਇਆ ਹੋਇਆ ਹੈ ਸਮਝਦੇ ਹਨ ਕਿ ਉਹਨਾਂ ਨਾਲ ਮਿਤੱਰਤਾ ਸਾਡਾ ਜੀਵਨ ਤੇ ਤਰੱਕੀ ਨੀ ਜ਼ਮਾਨਤ ਬਣ ਸਕਦੀ ਹੈ ਜੱਦ ਕਿ ਅਮਰੀਕਾ ਬਾਰੇ ਜਰਮਨੀ ਦੇ ਇਕ ਵਿਸ਼ਲੇਸ਼ਣਕਾਰ ਨੇ ਲਿੱਖਿਆ ਕਿ ਦੁਨੀਆ ਜੋ ਵਾਸ਼ਿੰਗਟਨ ਨੂੰ ਆਪਣਾ ਮਾਡਲ ਸਮਝਦੀ ਹੈ । ਸ਼ਾਇਦ ਹੁਣ ਉਸ ਦੀ ਉਹ ਹੈਸੀਯਤ ਨਹੀਂ ਰਹੀ ਕਿਉਂਕਿ ਉਸ ਦੀ ਥਾਂ ਹੁਣ ਬੀਜਿੰਗ ਜੋ ਚੀਨ ਦੀ ਰਾਰਜਧਾਨੀ ਹੈ ਉਹ ਮਾਡਲ ਬਣ ਰਿਹਾ ਹੈ । ਅਮਰੀਕਾ ਆਪਣੀ ਸਾਖ਼ ਖੋ ਚੁੱਕਿਆ ਹੈ ਉਹ ਆਪਣਾ ਸਥਾਨ ਗਵਾ ਬੈਠਾ ਹੈ । ਸੋ, ਸੰਸਾਰਕ ਸਹਾਰੇ ਤਾਂ ਅਸਥਾਈ ਸਹਾਰੇ ਹਨ । ਅੱਜ ਆਏ ਕੱਲ ਚਲੇ ਗਏ ।

ਮੁਸਲਮਾਨਾਂ ਨੂੰ ਹੁਣ ਇਸ ਨੂੰ ਸਮਝਣਾ ਚਾਹੀਦਾ ਹੈ । ਇਹ ਯੁਰੋਸ਼ਲਮ ਵਿੱਚ ਜੋ ਦੂਤਾਵਾਸ ਬਦਲਣ ਦਾ ਐਲਾਨ ਹੋਇਆ ਹੈ ਉਹ ਵੀ ਇਸੇ ਲਈ ਕੀਤਾ ਗਿਆ ਹੈ ਕਿ ਇਸ ਪ੍ਰਾਕਰ ਸ਼ਾਇਦ ਇਸਰਾਈਲ ਨਾਲ ਸੰਬੰਧ ਚੰਗੇ ਹੋ ਜਾਣ ਅਤੇ ਬਹੁਤੇ ਮਜ਼ਬੂਤ ਹੋ ਜਾਣ ਅਤੇ ਉਸ ਦੀ ਸਾਖ਼ ਕਾਇਮ ਹੋ ਸਕੇ ਪਰ ਜੱਦ ਰੱਬ ਵੱਲੋਂ ਪਤਨ ਆਉਂਦਾ ਹੈ ਫਿਰ ਸੰਸਾਰਕ ਮਿਤੱਰਤਾ ਅਤੇ ਸੰਧੀਆਂ ਕੰਮ ਨਹੀਂ ਆਇਆ ਕਰਦੀਆਂ । ਲਗੱਦਾ ਹੈ ਕਿ ਹੁਣ ਇਹਨਾਂ ਵੱਡੀਆਂ ਸ਼ਕਤੀਆਂ ਉਪੱਰ ਵਿਸ਼ੇਸ਼ ਤੌਰ'ਤੇ ਅਮਰੀਕਾ ਉਪੱਰ ਇਹ ਵੀ ਇਹ ਕੰਮ ਸ਼ੁਰੂ ਹੋ ਚੁੱਕਿਆ ਹੈ ਅਤੇ ਸਿਟੱਾ ਕਦੋਂ ਨਿਕਲਦਾ ਹੈ ਇਹ ਰੱਬ ਬਿਹਤਰ ਜਾਣਦਾ ਹੈ ਪਰ ਮੁਸਲਮਾਨਾਂ ਨੂੰ ਆਪੋ ਵਿੱਚ ਲੜਾਉਣ ਦੇ ਜਤਨ ਇਹਨਾ ਹਾਲਾਤਾਂ ਵਿੱਚ ਹੋਰ ਤੇਜ਼ ਹੋਣਗੇ । ਇਸ ਲਈ ਮੁਸਲਮਾਨ ਦੁਨੀਆ ਲਈ ਸਾਨੂੰ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਕਿ ਰੱਬ ਇਹਨਾਂ ਨੂੰ ਅਕਲ ਦੇਵੇ । ਹੁਣ ਇਹ ਇਕਜੁੱਟ ਹੋ ਜਾਣ ਅਤੇ ਦੇਸ਼ਾਂ ਦੇਸ਼ਾਂ ਵਿੱਚ ਜੋ ਜੁਧ ਦੀਆਂ ਸੰਭਾਵਨਾਵਾਂ ਹਨ ਉਹ ਦੂਰ ਹੋਣ ਅਤੇ ਮੁਸਲਮਾਨ ਦੇਸ਼ਾਂ ਵਿੱਚ ਜੋ ਆਪੋ ਵਿੱਚ ਲੜਾਈਆਂ ਹੋ ਰਹੀਆਂ ਹਨ ਅਤੇ ਲਖੱਾਂ ਹੀ ਜਾਨਾ ਨਸ਼ਟ ਹੋ ਗਈਆਂ ਹਨ । ਰੱਬ ਉਹਨਾਂ ਨੂੰ ਅਕਲ ਦੇਵੇ ਅਤੇ ਇਹ ਇਕ ਕੌਮ ਬਣਕੇ ਰਹਿਣ ਵਾਲੇ ਹੋਣ । ਆਪਸੀ ਲੜਾਈਆਂ ਨੂੰ ਖ਼ਤਮ ਕਰਨ ਤਾਂ ਜੋ ਇਸਲਾਮ ਦੇ ਦੁਸ਼ਮਣ ਆਪਣਾ ਉਦੇਸ਼ ਤੇ ਹਿੱਤ ਹਾਸਲ ਨ ਕਰ ਸਕਣ ਅਤੇ ਸਭ ਤੋਂ ਵਧੱਕੇ ਇਹ ਦੁਆ ਵੀ ਸਾਨੂੰ ਕਰਨੀ ਚਾਹੀਦੀ ਹੈ ਕਿ ਮੁਸਲਮਾਨ ਰੱਬ ਦੇ ਭੇਜੇ ਹੋਏ ਮਸੀਹ ਮੌਊਦ ਅਤੇ ਮਹਦੀ ਮਾਹੂਦ ਨੂੰ ਪਛਾਨਣ ਜਿਸ ਦੇ ਨਾਲ ਜੁੜਕੇ ਇਹ ਆਪੋ ਵਿੱਚ ਵੀ ਅਤੇ ਦੁਨੀਆ ਵਿੱਚ ਵੀ ਅਮਨ ਕਾਇਮ ਕਰਨ ਵਾਲੇ ਬਣ ਸਕਦੇ ਹਨ ।

**Khulasa Khutba Jumma 08.12.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131